ISSN 2277-3266

ਤ੍ਰੈਮਾਸਿਕ ਪੁਸਤਕ ਲੜੀ ਨੰ: 77-80

ਅਪ੍ਰੈਲ 2019 - ਮਾਰਚ 2020

# ਜਾਗੋ ਇੰਟਰਨੈਸ਼ਨਲ

## ਸ੍ਰੀ ਗੁਰੂ ਨਾਨਕ ਦੇਵ ਜੀ ਵਿਸ਼ੇਸ਼ ਅੰਕ

550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ



ਮੁੱਖ ਸੰਪਾਦਕ: ਡਾ. ਭਗਵੰਤ ਸਿੰਘ

ਮਾਲਵਾ ਰਿਸਰਚ ਸੈਟਰ, ਪਟਿਆਲਾ (ਰਜਿ.)

**JAGO**
***INTERNATIONAL***
**April 2019 -March 2020**

₹ 300/-
$ 50

ਤ੍ਰੈਮਾਸਿਕ ਪੁਸਤਕ ਲੜੀ

# ਜਾਗੋ ਇੰਟਰਨੈਸ਼ਨਲ

ISSN 2277-3266

(ਪੁਨਰ ਪ੍ਰਕਾਸ਼ਨ) ਸਾਲ ਬਾਰਵਾਂ ਪੁਸਤਕ ਲੜੀ ਨੰ. 77-80 ਅਪ੍ਰੈਲ 2019 ਤੋਂ ਮਾਰਚ 2020

ਸਰਪ੍ਰਸਤ/ਬਾਨੀ ਸੰਪਾਦਕ : ਪ੍ਰੋ. ਸ਼ੇਰ ਸਿੰਘ ਕੰਵਲ (ਯੂ. ਐਸ. ਏ.)
ਪ੍ਰੇਰਣਾ : ਬਾ. ਕੇ. ਨਾਰਾਯਣ
ਸਲਾਹਕਾਰ
ਤੇਜਵੰਤ ਮਾਨ (ਡਾ.) ਰਛਪਾਲ ਸਿੰਘ ਗਿੱਲ, ਹਰੀਸ਼ ਜੈਨ
ਟੋਨੀ ਸੰਧੂ-ਕੈਨੇਡਾ, ਡਾ. ਸਵਰਾਜ ਸਿੰਘ
ਡਾ. ਈਸ਼ਵਰਦਾਸ ਸਿੰਘ, ਪ੍ਰੋ. ਅਮਰਜੀਤ ਸਿੰਘ, ਭੁਪਿੰਦਰ ਸਿੰਘ ਮੱਲ੍ਹੀ (ਕੈਨੇਡਾ)
ਕਾਨੂੰਨੀ ਸਲਾਹਕਾਰ (ਆਨਰੇਰੀ)
ਕਰਨਲ ਸੁਰਜੀਤ ਸਿੰਘ ਚੀਮਾ (ਰਿਟਾ.), ਐਡਵੋਕੇਟ, ਦਰਬਾਰਾ ਸਿੰਘ ਢੀਂਡਸਾ ਐਡਵੋਕੇਟ
**ਮੁੱਖ ਸੰਪਾਦਕ (ਆਨਰੇਰੀ)**
ਭਗਵੰਤ ਸਿੰਘ (ਡਾ.) ਮੋਬਾ. : 98148-51500
ਸੰਪਾਦਕੀ ਮੰਡਲ (ਆਨਰੇਰੀ)
ਰਮਿੰਦਰ ਕੌਰ (ਡਾ.), ਰਛਪਾਲ ਕੌਰ, ਮਧੂ ਬਾਲਾ (ਡਾ.), ਡਾ. ਗਿਆਨ ਚੰਦ ਜੈਨ
ਡਾਇਰੈਕਟਰ (ਆਨਰੇਰੀ) : ਜਗਦੀਪ ਸਿੰਘ, ਗੰਦਾਰਾ, ਐਡਵੋਕੇਟ
ਬਿਊਰੋ ਚੀਫ਼ : ਦਰਸ਼ਨ ਖੋਖਰ
ਸਰਕੂਲੇਸ਼ਨ : ਅਮਰੀਕ ਗਿੱਲ
ਜਨ ਸੰਪਰਕ : ਸੰਦੀਪ,
ਫੋਟੋ: ਦਰਪਨ-92165-34418/ਸੱਚਰ-93162-09903

*ਚਿੱਠੀ ਪੱਤਰ ਰਚਨਾਵਾਂ ਤੇ ਚੰਦੇ ਭੇਜਣ ਲਈ ਪਤਾ*
*ਦੇਸ : ਆਈ 109, ਲੇਨ-5, ਮਜੀਠੀਆ ਇਨਕਲੇਵ,*
*ਨੇੜੇ 24 ਨੰ. ਫਾਟਕ, ਪਟਿਆਲਾ.*
*# ਪਿੰਡ ਤੇ ਡਾਕਖਾਨਾ ਮੰਗਵਾਲ, ਤਹਿ. ਤੇ ਜ਼ਿਲ੍ਹਾ ਸੰਗਰੂਰ-147001*
*ਫੋਨ : 0175-3200946, 01672-250461*
**E-mail : jagointernational@yahoo.com**
**blog: jagointernational.wordpress.com**
**Facebook : www.facebook.com/bhagwant.singh.798**
**ਵਿਦੇਸ਼ : 12016-N, 36th Street, PHOENIX AZ 85028 USA**
ਡਿਜ਼ਾਇਨਿੰਗ : ਬਲਜਿੰਦਰ ਸਿੰਘ, : 092167-29598, akashdeep.1064@gmail.com

ਸਹਿਯੋਗ
ਇੱਕ ਅੰਕ : ਦੇਸ - 50/- ਰੁਪਏ, ਵਿਦੇਸ਼ 10 ਡਾਲਰ, 6 ਪੌਂਡ
ਸਾਲਾਨਾ ਚੰਦਾ : ਦੇਸ - 200/- ਰੁਪਏ, ਵਿਦੇਸ਼-40 ਡਾਲਰ, 20 ਪੌਂਡ,
ਜੀਵਨ ਮੈਂਬਰ : ਦੇਸ - 2000 ਰੁ., ਵਿਦੇਸ਼ 400 ਡਾਲਰ
ਇਹ ਅੰਕ ਦੇਸ 300/- ਰੁਪਏ ਵਿਦੇਸ਼ 50 ਡਾਲਰ, 30 ਪੌਂਡ

ਜਾਗੋ ਇੰਟਰਨੈਸ਼ਨਲ ਵਿਚ ਛਪੇ ਵਿਚਾਰ ਲੇਖਕਾਂ ਦੇ ਨਿੱਜੀ ਹਨ, ਸੰਪਾਦਕ ਦਾ ਉਨ੍ਹਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪ੍ਰੋ. ਸ਼ੇਰ ਸਿੰਘ ਢਿੱਲੋਂ ਨੇ ਮਾਲਵਾ ਰਿਸਰਚ ਸੈਂਟਰ, ਪਟਿਆਲਾ (ਰਜਿ.) ਲਈ ਪ੍ਰਕਾਸ਼ਿਤ ਕੀਤਾ।

ਡਿਸਟ੍ਰੀਬਿਊਟਰ :
**ਯੂਨੀਸਟਾਰ ਬੁੱਕਸ ਪ੍ਰਾਈਵੇਟ ਲਿਮਿਟਡ,**
ਐਸ. ਸੀ. ਓ. 26-27, ਚੌਥੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ
ਫੋਨ : 0172-5077427, 5077428
E-mail : pcis@rediffmail.com, unistar_markrediffmail.co | info@unistarbooks.com

# ਸ੍ਰੀ ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ

## ਤਤਕਰਾ


| ਲੜੀ. | ਵਿਸ਼ਾ | ਪੰਨਾ |
|---|---|---|
| 1. | ਸੰਪਾਦਕੀ/ਡਾ. ਭਗਵੰਤ ਸਿੰਘ | 7 |
| 2. | ਮਾਂਡੂਕਿਯੋਪਨਿਸ਼ਦ/- ਡਾ. ਮਧੂ ਬਾਲਾ | 15 |
| 3. | ਨਜ਼ਮ/- ਬਾ. ਕੋ. ਨਾਰਾਯਣ | 16 |
| 4. | ਅਸ਼ਟਵਕਰ ਗੀਤਾ/- ਸਵਾਮੀ ਰਾਜ ਸ਼ਰਮਾ, ਸੁਨਾਮ | 17 |
| 4. | ਮਾਲਵਾ ਇਤਿਹਾਸ/- ਪੰਡਤ ਕਰਤਾਰ ਸਿੰਘ ਦਾਖਾ | 19 |
| 5. | ਨਾਨਕ ਦੇ ਵਾਰਸ ਕਲਮਕਾਰੋ !/- ਪ੍ਰੋ. ਸ਼ੇਰ ਸਿੰਘ ਕੰਵਲ ਯੂ.ਐਸ.ਏ. | 20 |
| 6. | ਜਗਤ-ਗੁਰ ਨਾਨਕ/- ਸ਼ੇਰ ਸਿੰਘ ਕੰਵਲ | 22 |
| 7. | ਪੁਕਾਰ/-ਡਾ. ਤਰਲੋਚਨ ਕੌਰ | 25 |
| 8. | ਧੰਨ ਬਾਬਾ ਨਾਨਕ/-ਜੋਗਿੰਦਰ ਕੌਰ ਅਗਨੀਹੋਤਰੀ | 26 |
| 9. | ਕਾਵਿ-ਰੇਖਾ ਚਿੱਤਰ/ਸ੍ਰੀ ਗੁਰੂ ਨਾਨਕ ਦੇਵ ਜੀ/-ਦਰਸ਼ਨ ਸਿੰਘ ਪ੍ਰੀਤੀਮਾਨ | 27 |
| 10. | ਇਹ ਨਾਨਕ ਬਾਣੀ/-ਲਖਨ ਮੇਘੀਆ | 29 |
| 11. | ਬੇਨਜ਼ੀਰ ਨਾਨਕ/-ਪ੍ਰਿੰ. ਨਵਰਾਹੀ ਘੁਗਿਆਣਵੀ | 30 |
| 13. | ਮੋਦੀ ਖਾਨਾ/-ਗੁਲਜ਼ਾਰ ਸਿੰਘ ਸ਼ੌਂਕੀ | 30 |
| 14. | ਭਾਗੋ ਕਈ ਹਜ਼ਾਰ/-ਜਸਵੰਤ ਸਿੰਘ ਅਸਮਾਨੀ | 31 |
| 15. | ਧੰਨ ਗੁਰੂ ਨਾਨਕ !/-ਸੁੰਦਰਪਾਲ ਪ੍ਰੇਮੀ | 32 |
| 16. | ਰਬਾਬੀ/- ਪਾਲ ਮਜ਼ਾਰੇਵਾਲਾ | 32 |
| 17. | ਪੀਰ ਬਾਬਾ ਨਾਨਕ/-ਡਾ. ਈਸ਼ਵਰਦਾਸ ਸਿੰਘ (ਫ਼ਕੀਰ ਈਸ਼ਵਰਦਾਸ) | 33 |
| 18. | ਗੁਰੂ ਨਾਨਕ ਦੇਵ ਜੀ ਨੂੰ/-ਸੁਹਿੰਦਰ ਬੀਰ (ਡਾ.) | 33 |
| 19. | ਗੁਰੂ ਨਾਨਕ ਪ੍ਰਕਾਸ਼/- ਪ੍ਰੋ: ਸਾਧੂ ਸਿੰਘ ਪਨਾਗ | 34 |
| 20. | ਸੁਨੀਤਾ ਪਿਆਸਾ/- ਸੁਨੀਤਾ ਪਿਆਸਾ | 35 |
| 21. | ਦੋ ਕਵਿਤਾਵਾਂ/- ਅਵਤਾਰ ਸਿੰਘ ਧਮੋਟ | 37 |
| 22. | ਕਲਜੁਗ ਵਾਲੀ ਰਾਤ/- ਤੇਜਾ ਸਿੰਘ ਤਿਲਕ | 38 |
| 23. | ਕਵਿਤਾ ਵਿਚਲਾ ਸੱਚ/- ਸੁਖਦੇਵ ਸਿੰਘ ਔਲਖ | 39 |
| 24. | ਕਰਤਾ-ਪੁਰਖ ਦੀ ਕਾਰਕੀ ਸਾਪੇਖਤਾ-ਪੰਜ ਖੰਡ/- ਡਾ. ਤੇਜਵੰਤ ਮਾਨ | 42 |
| 25. | ਆਮ ਬੰਦੇ ਦਾ ਨਾਨਕ/- ਡਾ. ਬਲਕਾਰ ਸਿੰਘ | 48 |
| 26. | ਗੁਰੂ ਨਾਨਕ ਜੀ ਦੀ ਅਰਬ-ਈਰਾਨ ਦੀ ਫੇਰੀ ਬਾਰੇ/- ਹਿੰਮਤ ਸਿੰਘ ਪ੍ਰੋ. | 50 |
| 27. | ਗੁਰੂ ਨਾਨਕ ਦੇਵ ਜੀ ਦੀ ਰਚਿਤ 'ਅਲਾਹਣੀਆਂ' : ਇਕ ਅਧਿਐਨ/- ਪ੍ਰੋ. ਸੁਮਨਪ੍ਰੀਤ ਕੌਰ | 56 |
| 28. | ਗੁਰੂ ਨਾਨਕ ਸਾਹਿਬ ਦਾ ਇਸਲਾਮ ਧਰਮ ਨਾਲ ਅੰਤਰਮਤ ਸੰਵਾਦ/-ਡਾ. ਅਮਨਪ੍ਰੀਤ ਸਿੰਘ | 63 |
| 29. | ਗੁਰੂ ਨਾਨਕ ਦੇਵ ਜੀ ਦੀ ਸ਼ਾਹਕਾਰ ਰਚਨਾ ਬਾਣੀ ਜਪੁਜੀ ਵਿਚ ਸਚਿਆਰ ਦਾ ਸੰਕਲਪ/- ਡਾ. ਜਸਕਿਰਨ ਕੌਰ | 72 |
| 30. | ਗੁਰੂ ਨਾਨਕ ਦੇਵਜੀ ਦੀ 'ਵਾਰ ਮਾਝ ਕੀ' ਵਿਚ ਮਾਨਵਤਾ ਦਾ ਸੰਕਲਪ/-ਡਾ. ਰਮਿੰਦਰ ਕੌਰ | 76 |
| 31. | ਸੁਲਤਾਨਪੁਰ ਲੋਧੀ ਦੀ ਇਤਿਹਾਸਕ ਮਹਾਨਤਾ/- ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ) | 79 |
| 32. | ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਪ੍ਰਸੰਗਤਾ, ਪਰਬੀਨਤਾ, ਪਾਰਦਰਸ਼ਤਾ, ਗਤੀਸ਼ੀਲਤਾ/- ਪ੍ਰੋ. ਹਮਦਰਦਵੀਰ ਨੌਸ਼ਹਿਰਵੀ | 87 |
| 33. | ਗੁਰੂ ਨਾਨਕ ਦੇਵ ਜੀ ਦੀਆਂ ਯਾਤਰਾਵਾਂ ਅਤੇ ਸਿੱਖਿਆਵਾਂ/- ਡਾ. ਤਰਨਜੀਤ ਕੌਰ | 90 |
| 34. | ਨਾ ਕੋਈ ਹਿੰਦੂ ਨਾ ਮੁਸਲਮਾਨ/- ਡਾ. ਸ਼ਰਨਜੀਤ ਕੌਰ, ਚੰਡੀਗੜ੍ਹ | 96 |

35. ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਿਰਜਤ ਸਿੱਖ ਫ਼ਲਸਫ਼ਾ-ਕੁਝ ਮੂਲ ਆਧਾਰ 99
– ਡਾ. ਸੁਰਿੰਦਰ ਕਾਹਲੋਂ
36. ਸ੍ਰੀ ਗੁਰੂ ਨਾਨਕ ਦੇਵ ਜੀ : ਇਕ ਅਧਿਐਨ/- ਪ੍ਰੋ. ਬੰਧਨਾ ਰਾਣੀ 106
37. ਸ੍ਰੀ ਗੁਰੂ ਨਾਨਕ ਦੇਵ ਜੀ /- ਡਾ. ਭੁਪਿੰਦਰ ਕੌਰ 112
38. 'ਜਪੁਜੀ' ਮਨੁੱਖੀ ਜੀਵਨ ਦਾ ਧੁਰਾ/- ਇੱਛੂਪਾਲ 120
39. ਗੁਰੂ ਨਾਨਕ ਦੀ ਵਿਚਾਰਧਾਰਾ ਅਤੇ ਸਮਕਾਲੀ ਪ੍ਰਸੰਗਕਤਾ/- ਡਾ. ਸੁਰਜੀਤ ਬਰਾੜ 128
40. ਗੁਰੂ ਨਾਨਕ ਦੇਵ ਜੀ ਦਾ ਜੀਵਨ ਦਰਸ਼ਨ : 142
ਜੇ.ਡੀ. ਕਨਿੰਘਮ ਦੀ ਲਿਖਤ ਸਿੱਖ ਇਤਿਹਾਸ ਦੇ ਸਬੰਧ ਵਿਚ/-ਡਾ. ਬਲਜੀਤ ਸਿੰਘ ਵਿਰਕ
41. ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਇਤਿਹਾਸਕਤਾ/- ਅਮਰੀਕ ਸਿੰਘ ਗਾਗਾ 153
42. ਮਨੁੱਖਤਾ ਦੇ ਗੁਰੂ : ਸ੍ਰੀ ਗੁਰੂ ਨਾਨਕ ਦੇਵ ਜੀ/- ਗੁਰਸ਼ਰਨ ਸਿੰਘ ਕੁਮਾਰ 156
43. ਗੁਰੂ ਨਾਨਕ ਦੇਵ ਜੀ ਤੇ ਅਜੋਕਾ ਪੰਜਾਬ/- ਜਸਵੰਤ ਸਿੰਘ ਅਮਨ 162
44. ਨਾਨਕ ਵਡਾ ਆਖੀਐ ਆਪੇ ਜਾਣੈ ਆਪੁ/- ਬਮਲੇਸ਼ ਕੌਸ਼ਲ 165
45. ਗੁਰੂ ਨਾਨਕ ਕਾਵਿ ਦੀ ਭਾਸ਼ਾ : ਕੁਝ ਪੱਖ/- ਡਾ. ਮਿੰਨੀ ਸਲਵਾਨ 170
46. ਮੌਜੂਦਾ ਸਮੇਂ ਵਿਚ 'ਨਾਨਕ ਬਾਣੀ' ਮਨੁੱਖ ਨਾਲ ਸੰਵਾਦ ਰਚਾਉਂਦੀ 176
– ਡਾ. ਸੁਖਵਿੰਦਰ ਕੌਰ
47. "ਗੁਰੂ ਨਾਨਕ ਬਾਣੀ" ਵਿਚ ਔਰਤ ਦੀ ਸਥਿਤੀ/- ਕਮਲੇਸ਼ ਕੁਮਾਰੀ 182
48. ਰਹੱਸਵਾਦੀ ਅਨੁਭਵਾਂ ਅਤੇ ਪ੍ਰਕਿਰਤਕ ਦ੍ਰਿਸ਼ਾਂ ਦਾ ਅੰਤਰ-ਸੰਵਾਦ: 187
ਬਾਰਹਮਾਹ ਤੁਖਾਰੀ/- ਡਾ. ਹਰਜਿੰਦਰ ਸਿੰਘ
49. ਗੁਰੂ ਨਾਨਕ ਰਚਿਤ 'ਜਪੁਜੀ' ਵਿਚ ਸਚਿਆਰ ਦਾ ਸੰਕਲਪ/- ਡਾ. ਹੈਪੀ ਬਾਂਸਲ 194
50. ਸਰਬ ਵਿਆਪੀ ਸੋਚ ਦੇ ਪ੍ਰਤੀਕ ਗੁਰੂ ਨਾਨਕ ਦੇਵ ਜੀ/-ਐਡਵੋਕੇਟ ਦਰਬਾਰਾ ਸਿੰਘ ਢੀਂਡਸਾ 201
51. ਗੁਰੂ ਨਾਨਕ ਵਿਚਾਰਧਾਰਾ ਵਿਚ ਮਾਨਵੀ ਅਧਿਕਾਰਾਂ ਦਾ ਵਿਸਥਾਪਨ ਤੇ ਵਿਸ਼ਲੇਸ਼ਣ 205
– ਪਰਮਜੀਤ ਕੌਰ
52. ਪੰਜਾਬੀ ਲੋਕਾਂ ਦੀ ਰੋਗਗ੍ਰਸਤ ਜੀਵਨਸ਼ੈਲੀ ਦੇ ਕਾਰਣ ਤੇ ਨਿਜਾਤ 217
– ਡਾ. ਨਰਿੰਦਰ ਸਿੰਘ ਵਿਰਕ
53. ਗੁਰੂ ਨਾਨਕ ਸ਼ਬਦ ਰਤਨਾਕਰ : ਇੱਕ ਅਧਿਐਨ/- ਡਾ. ਅਨਵਰ ਚਿਰਾਗ਼ 226
54. ਗੁਰੂ ਨਾਨਕ ਦਾ ਸਮਾਜ-ਸੁਧਾਰਕ ਅਤੇ ਮਾਨਵਵਾਦੀ ਬਿੰਬ/- ਹਰਪ੍ਰੀਤ ਕੌਰ 231
55. ਗੁਰੂ ਨਾਨਕ ਦੀਆਂ ਭਾਸ਼ਾਈ ਜੁਗਤਾਂ/- ਡਾ. ਬਲਵਿੰਦਰ ਕੌਰ 237
56. ਗੁਰੂ ਨਾਨਕ ਬਾਣੀ ਤਤਕਾਲੀਨ, ਸਮਾਜਿਕ ਅਤੇ ਸੱਭਿਆਚਾਰਕ ਬਦਲਾਅ 241
ਦੇ ਪ੍ਰਸੰਗ ਵਿਚ/- ਗੁਰਪ੍ਰੀਤ ਕੌਰ
57. ਨਵੇਂ ਫਲਸਫ਼ੇ ਦਾ ਸਿਰਜਕ ਗੁਰੂ ਨਾਨਕ/- ਡਾ. ਸਮਸ਼ੇਰ ਸਿੰਘ 247
58. ਗੁਰੂ ਨਾਨਕ ਦੇਵ ਜੀ ਦੀ ਸਮਾਜ ਸੁਧਾਰਕ ਪ੍ਰਵਿਰਤੀ/- ਡਾ. ਗੁਰਪ੍ਰੀਤ ਕੌਰ 251
59. ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਯਾਦਗਾਰੀ ਵਸਤਾਂ ਤੇ ਉਹਨਾਂ ਦੀ ਲੋਕਧਾਰਾ 256
– ਡਾ. ਆਤਮਾ ਸਿੰਘ ਗਿੱਲ
60. ਸ੍ਰੀ ਗੁਰੂ ਨਾਨਕ ਦੇਵ ਜੀ---ਇਕ 'ਕਵੀ'/- ਤੇਜਿੰਦਰ ਚੰਡਿਹੋਕ, ਐਮ ਏ 265
61. ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਇਸਤਰੀ ਦਾ ਸੰਕਲਪ/- ਕੁਲਵਿੰਦਰ ਕੌਰ 269
62. ਨਾਨਕ ਬਾਣੀ ਵਿਚ ਕਰਾਂਤੀਕਾਰੀ ਤੱਤ/- ਸੁਰਜੀਤ ਸਿੰਘ ਪੰਛੀ 272
63. ਚਾਨਣ-ਮੁਨਾਰਾ ਹਨ ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ/- ਡਾ. ਮਧੂ ਬਾਲਾ 280
64. ਗੁਰੂ ਨਾਨਕ ਦੇਵ ਜੀ ਦਾ ਚਿੱਤਰਕਲਾ 'ਚ ਪ੍ਰਾਪਤ ਬਿੰਬ 285
– ਰਾਜਿੰਦਰ ਪਾਲ ਸਿੰਘ ਬਰਾੜ (ਡਾ.)
65. ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਸੰਗੀਤ ਦੀ ਭਾਵ ਜੁਗਤ/- ਸੁਨੀਤਾ ਰਾਣੀ 292

# ਰਹੱਸਵਾਦੀ ਅਨੁਭਵਾਂ ਅਤੇ ਪ੍ਰਕਿਰਤਕ ਦ੍ਰਿਸ਼ਾਂ ਦਾ ਅੰਤਰ-ਸੰਵਾਦ: ਬਾਰਹਮਾਹ ਤੁਖਾਰੀ

- ਡਾ. ਹਰਜਿੰਦਰ ਸਿੰਘ

'ਬਾਰਹਮਾਰ ਤੁਖਾਰੀ' ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਹੁ-ਪਾਸਾਰੀ ਕਾਵਿ ਕਿਰਤ ਹੈ। ਇਸ ਵਿਚ ਉਹ ਪਲ-ਪਲ ਬਦਲਦੇ ਪ੍ਰਾਕਿਰਤਕ-ਜਗਤ ਨੂੰ ਪਿੱਠਭੂਮੀ ਵਿਚ ਰੱਖ ਕੇ ਆਪਣੇ ਰਹੱਸਵਾਦੀ ਅਨੁਭਵ ਤੋਂ ਸਾਧਕ ਦੀ ਬਦਲਦੀ ਮਾਨਸਿਕ ਸਥਿਤੀ ਨੂੰ ਵਿਸ਼ੇਸ਼ ਕ੍ਰਮ ਵਿਚ ਪ੍ਰਸਤੁਤ ਕਰਦੇ ਹਨ।'ਬਾਰਹਮਾਹ ਤੁਖਾਰੀ' ਵਿਚ ਦੇਸੀ ਵਰ੍ਹੇ ਦੇ ਬਾਰਾਂ ਮਹੀਨਿਆਂ ਦੌਰਾਨ ਬਦਲਦੇ ਪ੍ਰਕਿਰਤਕ ਵਾਯੂਮੰਡਲ ਦੇ ਚਿਹਨਾਂ ਰਾਹੀਂ ਸਾਧਕ ਦੇ ਮਨੋਭਾਵਾਂ ਨੂੰ ਚਿਹਨਤ ਕੀਤਾ ਗਿਆ ਹੈ। ਅਜਿਹਾ ਕਰਨ ਦੇ ਯਤਨ ਹਿਤ ਗੁਰੂ ਸਾਹਿਬ ਨੇ ਕਿਸੇ ਵਿਸਿਸ਼ਟ ਸਾਹਿਤ ਰੂਪਾਕਾਰ ਨੂੰ ਨਹੀਂ ਚੁਣਿਆ ਸਗੋਂ ਲੋਕ-ਕਾਵਿ ਰੂਪਾਕਾਰ 'ਬਾਰਾਂਮਾਹ' ਨੂੰ ਨਾ-ਕੇਵਲ ਚੁਣਿਆ ਹੈ ਸਗੋਂ ਇਸ ਰੂਪਾਕਾਰ ਨੂੰ ਨਵੀਆਂ ਸੰਭਾਵਨਾਵਾਂ ਵੀ ਦਿੱਤੀਆਂ ਹਨ। ਅਸਲ ਵਿਚ 'ਗੁਰੂ ਸਾਹਿਬਾਨ ਦਾ ਉਦੇਸ਼ ਲੋਕ-ਜੀਵਨ ਨੂੰ ਟੁੰਬਣਾ ਸੀ। ਇਸ ਲਈ ਉਨ੍ਹਾਂ ਲੋਕ-ਪ੍ਰਚਲਿਤ ਧਾਰਨਾਵਾਂ 'ਤੇ ਬਾਣੀ ਰਚ ਕੇ ਆਪਣੇ ਰੂਹਾਨੀ ਵਿਚਾਰਾਂ ਨੂੰ ਸਹਿਜੇ ਹੀ ਜਨ-ਸਾਧਾਰਨ ਤੱਕ ਪਹੁੰਚਾਣ ਦਾ ਸੁਚੱਜਾ ਹੀਲਾ ਕੀਤਾ। ਗੁਰੂ ਸਾਹਿਬ ਦਾ ਬਾਰਹਮਾਹ ਆਪਣੀ ਕਾਵਿ-ਸ਼ਕਤੀ, ਕਲਾਤਮਕ ਹੁਸਨ, ਅਧਿਆਤਮਕ ਅਨੁਭਵ ਤੇ ਕੁਦਰਤ-ਸੁਹਜ ਦਾ ਉਤਮ ਸੰਗਮ ਹੈ।'1 ਇਸ ਸੰਗਮ ਦੇ ਗਹਿਨ ਅਧਿਐਨ ਵਿਚ ਪਿਆਂ ਹੀ 'ਬਾਰਹਮਾਹ ਤੁਖਾਰੀ' ਵਿਚੋਂ ਗੁਰੂ ਸਾਹਿਬ ਦੇ ਰਹੱਸਵਾਦੀ ਅਨੁਭਵਾਂ ਅਤੇ ਪ੍ਰਕਿਰਤਕ-ਦ੍ਰਿਸ਼ਾਂ ਦੇ ਅੰਤਰ-ਸੰਵਾਦੀ ਸੰਬੰਧਾਂ ਵਿਚਲੇ ਵਿਵੇਕ ਨੂੰ ਪਛਾਣਿਆ ਜਾ ਸਕਦਾ ਹੈ।

ਲੋਕ-ਕਾਵਿ ਰੂਪਾਕਾਰ ਹੋਣ ਕਰਕੇ 'ਬਾਰਾਂਮਾਹ' ਵਿਚ ਸਰੋਦੀਪਣ ਜ਼ਿਆਦਾ ਹੁੰਦਾ ਹੈ, ਜਿਸ ਕਰਕੇ ਇਸ ਵਿਚ ਬੌਧਿਕਤਾ ਨਾਲੋਂ ਭਾਵੁਕਤਾ ਪ੍ਰਬਲ ਰੂਪ ਵਿਚ ਸਮਾਈ ਹੁੰਦੀ ਹੈ। 'ਇਸ ਵਿਚ ਕਿਸੇ ਬਿਰਹਣ ਦੀਆਂ ਉਨ੍ਹਾਂ ਮਨੋ-ਵੇਦਨਾਵਾਂ ਨੂੰ ਉਜਾਗਰ ਕੀਤਾ ਜਾਂਦਾ ਹੈ ਜਿਨ੍ਹਾਂ ਦਾ ਉਸ ਨੂੰ ਵਰ੍ਹੇ ਦੇ ਹਰ ਮਹੀਨੇ ਵਿਚ ਅੱਡੋ-ਅੱਡੀ ਅਨੁਭਵ ਹੁੰਦਾ ਹੈ, ਇਨ੍ਹਾਂ ਗੀਤਾਂ ਵਿਚ ਕਿਉਂਕਿ ਸਾਲ ਦੇ ਬਾਰ੍ਹਾਂ ਮਹੀਨਿਆਂ ਦਾ ਦੁੱਖ ਵਰਣਨ ਕੀਤਾ ਜਾਂਦਾ ਹੈ, ਇਸ ਲਈ ਇਸ ਕਾਵਿ-ਰੂਪ ਨੂੰ ਬਾਰਹਮਾਹਾ ਆਖਿਆ ਜਾਂਦਾ ਹੈ।'2 ਸਪੱਸ਼ਟ ਹੈ, ਬਾਰਾਂਮਾਹ ਲੋਕ-ਕਾਵਿ ਰੂਪਾਕਾਰ ਜਿਥੇ ਵਰ੍ਹੇ ਦੇ ਬਾਰਾਂ ਮਹੀਨਿਆਂ ਦੌਰਾਨ ਕੁਦਰਤੀ ਚੌਗਿਰਦੇ ਵਿਚ ਵਾਪਰਦੇ ਪਰਿਵਰਤਨ ਨੂੰ ਚਿਹਨਾਂ, ਪ੍ਰਤੀਕਾਂ, ਬਿੰਬਾਂ ਆਦਿ ਰਾਹੀਂ ਅਭਿਵਿਕਤੀ ਪ੍ਰਦਾਨ ਕਰਦਾ ਹੈ ਉਥੇ ਬਿਰਹਾ ਦੀ ਭੱਠੀ ਵਿਚ ਸੜਦੀ ਬਿਰਹਣ ਦੇ ਮਨ ਉੱਤੇ ਪੈਂਦੇ ਕੁਦਰਤੀ ਵਾਯੂਮੰਡਲ ਦੇ ਪ੍ਰਭਾਵਾਂ ਨੂੰ ਵੀ ਪ੍ਰਸਤੁਤ ਕਰਦਾ ਹੈ। ਜਿਥੋਂ ਤੱਕ ਗੁਰੂ ਨਾਨਕ ਸਾਹਿਬ ਦੇ 'ਬਾਰਹਮਾਹ ਤੁਖਾਰੀ' ਦਾ ਸਰੋਕਾਰ ਹੈ ਇਹ ਲੋਕ-ਕਾਵਿ 'ਛੰਤ' ਅਤੇ 'ਬਾਰਾਂਮਾਹ' ਦਾ ਮਿਲਗੋਭਾ ਹੈ। ਡਾ. ਤਾਰਨ ਸਿੰਘ ਦੀ ਧਾਰਨਾ ਹੈ ਕਿ 'ਛੰਤ' ਕਾਵਿ-ਰੂਪ ਵਿਚ ਮਿਲਾਪ ਦਾ ਚਿਤ੍ਰਣ ਹੁੰਦਾ ਹੈ ਤੇ

'ਬਾਰਹਮਾਹਾ' ਵਿਯੋਗ-ਸ਼ਿੰਗਾਰ ਦੀ ਕਵਿਤਾ ਹੁੰਦੀ ਹੈ। 'ਛੰਤ' ਵੀ ਸ਼ਿੰਗਾਰ ਕਾਵਿ ਦਾ ਰੂਪ ਹੈ। ਬੜੀ ਸਫ਼ਲਤਾ ਨਾਲ ਇਸ ਰਚਨਾ ਵਿਚ ਦੋਵੇਂ ਕਾਵਿ-ਰੂਪ ਮਿਲਾਏ ਹਨ, ਜਿਥੇ ਸ਼ਿੰਗਾਰ ਵੀ ਹੈ, ਵਿਯੋਗ ਵੀ ਹੈ, ਸੰਯੋਗ ਦਾ ਸੁਖ ਵੀ ਹੈ ਤੇ 'ਛੰਤ' ਕਾਵਿ-ਰੂਪ ਅਨੁਸਾਰ ਤੁਕਾਂ ਦਾ ਦੁਹਰਾ ਵੀ ਹੈ ਤੇ ਲੋਕ-ਕਾਵਿ ਰੂਪ ਦੀ ਭਾਵਕਤਾ ਤੇ ਰੋਜ਼ਾਨਾ ਜੀਵਨ ਦਾ ਵਰਣਨ ਵੀ ਹੈ।3 ਜ਼ਾਹਿਰ ਹੈ, ਗੁਰੂ ਨਾਨਕ ਸਾਹਿਬ ਦੇ 'ਬਾਰਹਮਾਹ ਤੁਖਾਰੀ' ਵਿਚ ਭਾਵੁਕਤਾ ਦੀ ਤੀਬਰਤਾ ਉਪ-ਭਾਵੁਕਤਾ ਤੱਕ ਪਹੁੰਚਦੀ ਨਜ਼ਰ ਆਉਂਦੀ ਹੈ। ਬਿਰਹਾ ਦੇ ਦਰਦ ਤੋਂ ਉਤਪੰਨ ਹੋਏ ਦੁੱਖ ਨੂੰ ਇਸ ਮਹਾਨ ਰਚਨਾ ਵਿਚ ਕਰੁਣਾਮਈ ਬੋਲਾਂ ਤੇ ਬਿੰਬਾਂ ਰਾਹੀਂ ਨਾ-ਕੇਵਲ ਉਭਾਰਿਆ ਗਿਆ ਹੈ ਸਗੋਂ ਉਸ ਨੂੰ ਅਧਿਆਤਮਕ ਰੰਗਣ ਵੀ ਦਿੱਤੀ ਗਈ ਹੈ।

ਗੁਰੂ ਨਾਨਕ ਸਾਹਿਬ ਦੇ 'ਬਾਰਹਮਾਹ ਤੁਖਾਰੀ' ਦਾ ਕੇਂਦਰੀ ਨੁਕਤਾ ਇਹ ਹੈ ਕਿ ਜੀਵ-ਆਤਮਾ ਉਸ ਸਰਵ-ਵਿਆਪੀ ਪਰਮ+ਆਤਮਾ ਦਾ ਇਕ ਅੰਸ਼ ਹੈ ਜੋ ਆਪਣੇ ਪਿਛਲੇ ਕਰਮਾਂ (ਕਾਰਜਾਂ) ਕਰਕੇ ਉਸ ਮੂਲ ਤੋਂ ਵਿੱਛੜੀ ਹੋਈ ਹੈ। ਆਪਣੀ ਚੇਤਨਾ ਦੇ ਕਿਸੇ ਪੜਾਅ 'ਤੇ ਜਦੋਂ ਜੀਵ-ਆਤਮਾ ਨੂੰ ਆਪਣੇ ਵਿਛੜੇ ਹੋਣ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਆਪਣੇ ਮੂਲ (ਪਰਮ+ਆਤਮਾ) ਨਾਲ ਇਕਮਿਕ ਹੋਣ ਲਈ ਲੋਚਦੀ ਅਤੇ ਤੜਪਦੀ ਹੈ।

'ਬਾਰਹਮਾਹ ਤੁਖਾਰੀ' ਵਿਚ ਜੀਵ-ਆਤਮਾ ਨੂੰ ਇਸਤਰੀ/ਬਿਰਹਣ ਰੂਪ ਵਿਚ ਅਤੇ ਪਰਮ+ਆਤਮਾ ਨੂੰ ਪਤੀ/ਪ੍ਰੇਮੀ ਦੇ ਰੂਪ ਵਿਚ ਚਿਤਰਿਆ ਗਿਆ ਹੈ। 'ਇਥੇ ਇਸਤਰੀ ਗੁਰਮੁਖ ਪ੍ਰਤੀਕਾਤਮਕ ਹੋਂਦ ਦੇ ਰੂਪ ਵਿਚ ਪੇਸ਼ ਹੈ।... ਜੀਵ ਅਤੇ ਬ੍ਰਹਮ ਦਾ ਆਪਸੀ ਰਿਸ਼ਤਾ ਇਸਤਰੀ ਅਤੇ ਪੁਰਖ ਦੇ ਪ੍ਰਤੀਕ-ਪ੍ਰਬੰਧ ਰਾਹੀਂ ਪੇਸ਼ ਹੈ।... ਅਧਿਆਤਮਕ ਪ੍ਰੇਮ ਦੀਆਂ ਇਨ੍ਹਾਂ ਦੋ ਧਿਰਾਂ ਦੀ ਪ੍ਰਕਿਰਤੀ ਇਕ ਦੂਜੇ ਤੋਂ ਭਿੰਨ ਹੈ। ਬ੍ਰਹਮ ਕੇਵਲ ਬ੍ਰਾਹਮ ਹੈ ਅਤੇ ਜੀਵ ਮਾਨਵ ਮਿਸ਼ਰਿਤ ਬ੍ਰਹਮ ਹੈ।'4 ਇਸ ਮਾਨਵ ਮਿਸ਼ਰਤ ਬ੍ਰਹਮ ਨੇ ਉਸ ਬ੍ਰਾਹਮ ਤੱਕ ਰਸਾਈ ਕਰਨੀ ਹੈ ਪਰੰਤੂ ਇਸ ਮਾਰਗ ਵਿਚ ਬਹੁਤ ਸਾਰੀਆਂ ਦੁਸ਼ਵਾਰੀਆਂ ਹਨ। ਇਹਨਾਂ ਦੁਸ਼ਵਾਰੀਆਂ ਨੂੰ ਗੁਰੂ ਸਾਹਿਬ ਨੇ 'ਬਾਰਹਮਾਹ ਤੁਖਾਰੀ' ਵਿਚ ਪਰਤ ਦਰ ਪਰਤ ਪ੍ਰਸਤੁਤ ਕੀਤਾ ਹੈ ਪਰੰਤੂ ਸ਼ਰਤ ਇਹ ਹੈ ਕਿ ਇਹ ਦੁਸ਼ਵਾਰੀਆਂ ਉਸ ਬ੍ਰਹਮ ਦੀ ਸਵੱਲੀ ਨਜ਼ਰ ਨਾਲ ਹੀ ਦੂਰ ਹੋਣੀਆਂ ਹਨ।

ਗੁਰੂ ਸਾਹਿਬ ਨੇ 'ਬਾਰਹਮਾਹ ਤੁਖਾਰੀ' ਦੀਆਂ ਪਹਿਲੀਆਂ ਚਾਰ ਪੌੜੀਆਂ ਵਿਚ ਮਨੁੱਖੀ ਜੀਵਨ-ਸਿਧਾਂਤ ਨੂੰ ਪ੍ਰਸਤੁਤ ਕੀਤਾ ਹੈ। ਇਸ ਜੀਵਨ-ਸਿਧਾਂਤ ਅਨੁਸਾਰ ਮਨੁੱਖ/ਜੀਵ ਆਪਣੇ ਪੂਰਬਲੇ ਕਰਮਾਂ ਕਰਕੇ ਪਰਮਾਤਮਾ ਤੋਂ ਵਿਛੜ ਕੇ ਬਨਵਾਸੀਆਂ ਸਥਿਤੀਆਂ ਦਾ ਭਾਗੀ ਬਣਿਆ ਹੈ। ਇਹਨਾਂ ਕਰਮਾਂ ਦੇ ਫਲ ਵਜੋਂ ਮਨੁੱਖ ਮੋਹ-ਮਾਇਆ ਦੀ ਦਲਦਲ ਵਿਚ ਫਸ ਕੇ ਦੁੱਖ ਭੋਗਦਾ ਹੈ। ਪਰਮਾਤਮਾ ਤੋਂ ਵਿਛੜਿਆ ਹੋਣ ਕਰਕੇ ਮਨੁੱਖ ਲਈ ਵਿਛੋੜੇ ਵਿਚ ਜਿਉਣਾ ਮੁਹਾਲ ਹੋ ਜਾਂਦਾ ਹੈ ਪਰੰਤੂ ਜਿਹੜਾ ਮਨੁੱਖ ਗੁਰੂ ਦੀ ਸ਼ਰਨ ਵਿਚ ਆ ਕੇ ਸਾਧਕ ਬਣ ਜਾਂਦਾ ਹੈ ਤੇ ਮੋਹ-ਮਾਇਆ ਦੀ ਦਲਦਲ ਵਿਚੋਂ ਬਾਹਰ ਆ ਜਾਂਦਾ ਹੈ, ਉਹ ਪਰਮਾਤਮਾ ਦੇ ਦਰ 'ਤੇ ਨਿਵਾਜਿਆ ਜਾਂਦਾ ਹੈ। ਇਉਂ ਸਾਧਕ ਬਣਿਆ ਮਨੁੱਖ ਆਪਣੇ ਜੀਵਨ ਦੇ ਅਸਲ ਮਨੋਰਥ ਤੱਕ ਰਸਾਈ ਕਰ ਲੈਂਦਾ ਹੈ।

'ਬਾਰਹਮਾਹ ਤੁਖਾਰੀ' ਵਿਚ ਗੁਰੂ ਸਾਹਿਬ ਸਾਧਕ ਬਣੇ ਮਨੁੱਖ ਨੂੰ ਇਸਤਰੀ ਦੇ ਪ੍ਰਤੀਕ ਰਾਹੀਂ ਜੀਵਨ-ਪੰਧ 'ਤੇ ਤੁਰਦੇ ਅਤੇ ਪ੍ਰਭੂ-ਵਿਛੋੜੇ ਦੇ ਦਰਦ ਨੂੰ ਸਹਿੰਦੇ ਹੋਏ ਚਿਤਰਦੇ ਹਨ। ਇਸ ਵਿਛੋੜੇ ਦੇ ਦਰਦ ਨੂੰ ਜ਼ੁੰਬਸ਼ ਦੇਣ ਲਈ ਉਹ ਪ੍ਰਕਿਰਤਕ ਚੌਗਿਰਦੇ ਵਿਚਲੇ ਚਿਹਨਾਂ ਦਾ ਚਿਹਨੀਕਰਨ ਕਰਦੇ ਹਨ। 'ਪਪੀਹਾ ਪ੍ਰਿਉ-ਪ੍ਰਿਉ ਬੋਲ ਕੇ ਆਪਣੇ ਪ੍ਰੀਤਮ ਦੀ ਯਾਦ ਵਿਚ ਵਿਆਕੁਲ ਹੈ ਅਤੇ ਕੋਇਲ ਦੀ ਕੂਕ ਉਸ ਦੇ ਬਿਰਹੋਂ-ਕੁੱਠੀ ਆਤਮਾ ਦਾ ਪਤਾ ਦਸਦੀ ਹੈ, ਇਸੇ ਤਰ੍ਹਾਂ ਸੱਚੀ ਸੋਹਾਗਣ (ਸਾਧਕ) ਉਹੀ ਨਾਰੀ ਹੈ ਜੋ ਆਪਣੇ ਪਤੀ (ਪ੍ਰਭੂ) ਦੇ ਚਰਨਾਂ ਨਾਲ ਜੁੜੀ ਰਹਿੰਦੀ ਹੈ। ਉਸ ਦੀ ਆਤਮਾ ਉਤੇ ਅੰਮ੍ਰਿਤ ਦੀਆਂ ਬੂੰਦਾਂ ਬਰਸਦੀਆਂ ਰਹਿੰਦੀਆਂ ਹਨ ਅਤੇ ਉਸ ਦਾ ਹਿਰਦਾ ਪ੍ਰਭੂ ਦੇ ਰਹਿਣ ਵਾਲਾ ਮੰਦਰ ਬਣ ਜਾਂਦਾ ਹੈ।'5 ਇਸ ਅਵਸਥਾ ਵਿਚ ਸਾਧਕ ਨੂੰ ਪ੍ਰਭੂ-ਪ੍ਰੇਮ ਦੀ ਲਗਨ ਲੱਗ ਜਾਂਦੀ ਹੈ ਤੇ ਉਹ ਪ੍ਰਭੂ ਦੀ ਯਾਦ ਵਿਚ ਖੀਵਾ ਹੋ ਜਾਂਦਾ ਹੈ। ਉਸ ਨੂੰ ਇਹ ਵੀ ਚੇਤਨਾ ਹੋ ਜਾਂਦੀ ਹੈ ਕਿ ਇਹ ਸਭ ਕੁਝ ਉਸ ਪ੍ਰਭੂ ਦੀ ਕਿਰਪਾ ਨਾਲ ਹੀ ਸੰਭਵ ਹੈ:

ਬਰਸੈ ਅੰਮ੍ਰਿਤ ਧਾਰ, ਬੂੰਦ ਸੁਹਾਵਣੀ॥
ਸਾਜਨ ਮਿਲੇ ਸਹਜਿ ਸੁਭਾਇ, ਹਰਿ ਸਿਉ ਪ੍ਰੀਤਿ ਬਣੀ॥
ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ, ਧਨ ਊਭੀ ਗੁਣ ਸਾਰੀ॥
ਘਰਿ ਘਰਿ ਕੰਤ ਰਵੈ ਸੋਹਾਗਣਿ, ਹਉ ਕਿਉ ਕੰਤਿ ਵਿਸਾਰੀ॥
ਉਨਵਿ ਘਨ ਛਾਏ, ਬਰਸੁ ਸੁਭਾਏ, ਮਨਿ ਤਨਿ ਪ੍ਰੇਮੁ ਸੁਖਾਵੈ॥
ਨਾਨਕ ਵਰਸੈ ਅੰਮ੍ਰਿਤ ਬਾਣੀ, ਕਰਿ ਕਿਰਪਾ ਘਰ ਆਵੈ॥ ੪॥

ਸਪੱਸ਼ਟ ਹੈ, ਪ੍ਰਭੂ ਪ੍ਰਾਪਤੀ ਸਾਧਕ ਦਾ ਜੀਵਨ ਮਨੋਰਥ ਹੈ। ਜੇ ਇਸ ਮਨੋਰਥ ਦੀ
ਪ੍ਰਾਪਤੀ ਨਹੀਂ ਹੁੰਦੀ ਤਾਂ ਮਨੁੱਖਾ ਜੀਵਨ ਵਿਅਰਥ ਹੈ। 'ਬੁਨਿਆਦੀ ਨੁਕਤਾ ਹੀ ਇਹ ਹੈ-
ਨਾਨਕ ਚੇਤਿ ਸਹਜਿ ਸੁਖ ਪਾਵੈ, ਜੇ ਹਰਿ ਵਰੁ ਧਨਪਾਏ। ਜੇ ਕੋਈ ਉਸ ਨੂੰ ਛੱਡ ਕੇ ਹੋਰ
ਪਦਾਰਥਾਂ ਰਾਹੀਂ ਖ਼ੁਸ਼ੀ ਪਾਉਣਾ ਚਾਹੇ, ਇਹ ਗਲ ਬਣਦੀ ਨਹੀਂ; ਮਨ ਨੂੰ ਪੂਰਨ ਸੰਤੁਸ਼ਟਤਾ
ਪ੍ਰਾਪਤ ਨਹੀਂ ਹੁੰਦੀ- ਬਹੁਤੇ ਵੇਸ ਕਰੀਂ ਪਿਰ ਬਾਝਹੁ ਮਹਲੀ ਲਹਾ ਨਾ ਥਾਉ। ਫਿਰ ਉਸ ਦੀ
ਪ੍ਰਾਪਤੀ ਕਿਵੇਂ ਹੋ ਸਕਦੀ ਹੈ, ਇਸ ਦਾ ਜਵਾਬ ਹੈ- ਸ਼ਬਦ ਵਿਚ ਸੁਰਤਿ ਜੋੜਨ ਨਾਲ ਤੇ
ਉਸਦੇ ਗੁਣ ਗਾਉਣ ਨਾਲ। ਗੁਣ ਗਾਇਨ ਉਸ ਦੇ ਨਿਕਟ ਪਹੁੰਚਣ ਦੀ ਸਭ ਤੋਂ ਉਤਮ
ਪੌੜੀ ਹੈ।'6 ਇਸ ਪੌੜੀ ਨੂੰ ਗੁਰੂ ਸਾਹਿਬ ਨੇ ਡੰਡਿਆਂ ਰੂਪੀ ਬਾਰਾਂ ਮਹੀਨਿਆਂ ਨਾਲ ਪੂਰਨ
ਕੀਤਾ ਹੈ। ਇਹ ਬਾਰਾਂ ਡੰਡੇ (ਮਹੀਨੇ) ਉਹ ਅਵਸਥਾਵਾਂ ਹਨ ਜਿਹੜੀਆਂ ਸਾਧਕ ਦੇ ਇਰਾਦੇ
ਨੂੰ ਦ੍ਰਿੜ੍ਹਤਾ ਪ੍ਰਦਾਨ ਕਰਦੀਆਂ ਹਨ। ਇਹ ਦ੍ਰਿੜ੍ਹਤਾ ਸਾਧਕ ਨੂੰ ਅਧਿਆਤਮਕ ਮਾਰਗ ਦਾ
ਪਾਂਧੀ ਬਣਾਉਂਦੀ ਹੈ। ਇਸ ਮਾਰਗ ਦਾ ਪਾਂਧੀ ਬਣਿਆ ਸਾਧਕ ਜਦੋਂ ਮਨ ਵਿਚ ਪ੍ਰਭੂ-ਪ੍ਰੀਤਮ
ਦੇ ਮਿਲਾਪ ਦੀ ਲੋਚਾ ਨੂੰ ਵਸਾ ਲੈਂਦਾ ਹੈ ਤਾਂ ਪ੍ਰਾਕਿਰਤਕ ਵਾਯੂਮੰਡਲ ਵਿਚ ਭਾਵੇਂ ਗਰਮੀ
ਹੋਵੇ, ਭਾਵੇਂ ਸਰਦੀ ਹੋਵੇ, ਭਾਵੇਂ ਮੀਂਹ ਹੋਵੇ ਤੇ ਭਾਵੇਂ ਝੱਖੜ ਹੋਵੇ, ਉਸ ਅੰਦਰ ਅਨੰਦ ਦੀ
ਅਵਸਥਾ ਬਣੀ ਰਹਿੰਦੀ ਹੈ। ਇਹੀ ਉਹ ਅਵਸਥਾ ਹੈ ਜਿਥੇ ਆ ਕੇ ਜੀਵ-ਆਤਮਾ, ਪ੍ਰਮਾਤਮਾ
ਨਾਲ ਇਕਮਿਕ ਹੋਈ ਅਨੁਭਵ ਕਰਦੀ ਹੈ:

ਬੇਦਸ ਮਾਹ ਰੁਤੀ ਥਿਤੀ ਵਾਰ ਭਲੇ॥
ਘੜੀ ਮੂਰਤ ਪਲ ਸਾਚੇ, ਆਏ ਸਹਜਿ ਮਿਲੇ॥
ਪ੍ਰਭ ਮਿਲੇ ਪਿਆਰੇ, ਕਾਰਜ ਸਾਰੇ, ਕਰਤਾ ਸਭ ਬਿਧਿ ਜਾਣੈ॥
ਜਿਨਿ ਸੀਗਾਰੀ ਤਿਸਹਿ ਪਿਆਰੀ, ਮੇਲੁ ਭਇਆ ਰੰਗੁ ਮਾਣੈ॥
ਘਰਿ ਸੇਜ ਸੁਹਾਵੀ, ਜਾ ਪਿਰਿ ਰਾਵੀ, ਗੁਰਮੁਖਿ ਮਸਤਕਿ ਭਾਗੋ॥
ਨਾਨਕ ਅਹਿਨਿਸਿ ਰਾਵੈ ਪ੍ਰੀਤਮ, ਹਰਿ ਵਰੁ ਥਿਰੁ ਸੋਹਾਗੋ॥੧੭॥

ਇਉਂ ਪ੍ਰਭੂ ਤੋਂ ਵਿੱਛੜ ਕੇ ਸੰਸਾਰਿਕ ਜੀਵਨ ਵਿਚ ਵਿਚਰ ਰਹੀ ਜੀਵਾਤਮਾ ਲਈ ਵਰ੍ਹੇ ਦੇ ਬਾਰਾਂ ਮਹੀਨਿਆਂ ਦਾ ਬਨਵਾਸ ਵੀ ਉਸ ਪ੍ਰਭੂ ਦੀ ਨਜ਼ਰ ਸਵੱਲੀ ਹੋਣ ਨਾਲ ਹੀ ਖ਼ਤਮ ਹੁੰਦਾ ਹੈ। ਇਹ ਬਨਵਾਸ ਖ਼ਤਮ ਹੋਣ ਨਾਲ ਸਾਧਕ ਨੂੰ ਪ੍ਰਕਿਰਤਕ ਜਗਤ ਦੀ ਹਰ ਤਬਦੀਲੀ ਸਹਿਜ ਲੱਗਣ ਲੱਗਦੀ ਹੈ। ਇਸ ਮਿਲਾਪ ਦੀ ਅਵਸਥਾ ਵਿਚ ਜੀਵਾਤਮਾ ਨਾਰੀ ਦੇ ਰੂਪ ਵਿਚ ਸੁਹਾਗਣ ਮਹਿਸੂਸ ਕਰਦੀ ਹੋਈ ਪ੍ਰਭੂ ਪ੍ਰੇਮ ਨੂੰ ਪਤੀ ਪ੍ਰੇਮ ਵਜੋਂ ਤਸਲੀਮ ਕਰਦੀ ਹੈ। ਸਾਧਕ ਦੇ ਇਸ ਸਮੁੱਚੇ ਅਮਲ ਦੌਰਾਨ ਪ੍ਰਕਿਰਤਕ ਜਗਤ ਵਿਚ ਵਾਪਰਦੇ ਪਰਿਵਰਤਨ ਉਸ ਦੀ ਪ੍ਰਭੂ ਪ੍ਰਤੀ ਤੜਪ ਨੂੰ ਪਲ-ਪਲ ਵਧਾਉਂਦੇ ਹਨ। ਇਹੋ ਵਜ੍ਹਾ ਹੈ ਕਿ ਗੁਰੂ ਸਾਹਿਬ ਰਹੱਸਵਾਦੀ ਅਨੁਭਵ ਨੂੰ ਪ੍ਰਕਿਰਤਕ ਵਾਤਾਵਰਨ ਰਾਹੀਂ ਨਵੀਂ ਕਲਾਤਮਿਕ ਉਚਾਈ ਬਖ਼ਸ਼ਦੇ ਹਨ।

'ਬਾਰਹਮਾਹ ਤੁਖਾਰੀ' ਵਿਚ ਗੁਰੂ ਸਾਹਿਬ ਨੇ ਪ੍ਰਕਿਰਤੀ-ਚਿਤਰਣ ਦੀ ਕਲਾਤਮਿਕ ਜੁਗਤ ਰਾਹੀਂ ਪ੍ਰਕਿਰਤਕ ਦ੍ਰਿਸ਼ਾਂ ਨੂੰ ਪ੍ਰਤੀਕਾਂ, ਚਿਹਨਾਂ, ਬਿੰਬਾਂ ਦੇ ਰੂਪ ਵਿਚ ਬੜੀ ਖ਼ੂਬਸੂਰਤੀ ਨਾਲ ਸਾਕਾਰ ਕੀਤਾ ਹੈ। ਵਰ੍ਹੇ ਦੇ ਬਾਰਾਂ ਮਹੀਨਿਆਂ ਦੌਰਾਨ ਬਦਲਦੇ ਪ੍ਰਕਿਰਤਕ ਵਾਯੂਮੰਡਲ ਨੂੰ ਸੂਤਰਿਕ ਸ਼ੈਲੀ ਤਹਿਤ ਪ੍ਰਸਤੁਤ ਕੀਤਾ ਗਿਆ ਹੈ। ਗੁਰੂ ਸਾਹਿਬ ਦੀ ਖ਼ੂਬਸੂਰਤੀ ਇਸ ਗਲ ਵਿਚ ਹੈ ਕਿ ਉਹਨਾਂ ਨੇ ਹਰ ਮਹੀਨੇ ਦੀ ਪ੍ਰਕਿਰਤਕ ਸੁੰਦਰਤਾ ਨੂੰ ਕੁਝ ਸ਼ਬਦਾਂ ਜਾਂ ਕੁਝ ਸਤਰਾਂ ਵਿਚ ਹੀ ਇਸ ਤਰ੍ਹਾਂ ਗੁੰਦਿਆ ਹੈ ਕਿ ਸਮੁੱਚਾ ਵਾਯੂਮੰਡਲ ਅੱਖਾਂ ਸਾਹਮਣੇ ਸਾਕਾਰ ਹੋ ਜਾਂਦਾ ਹੈ। ਦੇਸੀ ਵਰ੍ਹੇ ਦੇ ਪਹਿਲੇ ਮਹੀਨੇ ਚੇਤ ਵਿਚ ਬਸੰਤ ਰੁੱਤ ਦੇ ਪ੍ਰਕਿਰਤਕ ਦ੍ਰਿਸ਼ਾਂ ਨੂੰ ਬਾਰਹਮਾਹ ਤੁਖਾਰੀ ਵਿਚ ਕੁਝ ਤੁਕਾਂ ਰਾਹੀਂ ਇਉਂ ਪ੍ਰਸਤੁਤ ਕੀਤਾ ਗਿਆ ਹੈ:

ਚੇਤੁ ਬਸੰਤੁ ਭਲਾ, ਭਵਰ ਸੁਹਾਵੜੇ॥
ਬਨ ਫੂਲੇ ਮੰਝ ਬਾਰਿ, ਮੈ ਪਿਰੁ ਘਰਿ ਬਾਹੁੜੈ॥
.................................
ਕੋਕਿਲ ਅੰਬਿ ਸੁਹਾਵੀ ਬੋਲੈ, ਕਿਉ ਦੁਖੁ ਅੰਕਿ ਸਹੀਜੈ॥
ਭਵਰੁ ਭਵੰਤਾ ਫੂਲੀ ਡਾਲੀ, ਕਿਉ ਜੀਵਾ ਮਰੁ ਮਾਏ॥

ਇਉਂ ਗੁਰੂ ਸਾਹਿਬ ਇਨ੍ਹਾਂ ਤੁਕਾਂ ਵਿਚ ਚੇਤ ਮਹੀਨੇ ਦੌਰਾਨ ਆਪਣੀ ਜਨਮ ਭੂਮੀ 'ਬਾਰ' ਦੇ ਇਲਾਕੇ ਦੀ ਪ੍ਰਕਿਰਤਕ ਸੁੰਦਰਤਾ ਨੂੰ ਲੋਕ-ਬਿੰਬਾਂ ਦੇ ਰੂਪ ਵਿਚ ਚਿਤਰ ਦਿੰਦੇ ਹਨ। ਗੁਰੂ ਸਾਹਿਬ ਅਨੁਸਾਰ ਬਸੰਤ ਦੀ ਰੁੱਤ ਵਿਚ ਬਾਰ ਦੇ ਇਲਾਕੇ ਵਿਚ ਪ੍ਰਫੁੱਲਤ ਹੋ ਰਹੇ ਫੁੱਲਾਂ ਅਤੇ ਵਣਾਂ 'ਤੇ ਭੰਵਰੇ ਮਡਰਾਉਂਦੇ ਹਨ ਅਤੇ ਅੰਬਾਂ ਦੇ ਰੁੱਖਾਂ 'ਤੇ ਕੋਇਲ ਵੈਰਾਗਮਈ ਸੁਰ

ਅਲਾਪਦੀ ਹੈ। ਇਸ ਤਰ੍ਹਾਂ ਚੇਤ ਦੇ ਮਹੀਨੇ ਵਿਚ ਬਸੰਤ ਰੁੱਤ ਹੋਣ ਕਰਕੇ ਹਰ ਪਾਸੇ ਫੁੱਲਾਂ ਦੀ ਛਹਿਬਰ ਹੁੰਦੀ ਹੈ ਜਿਸ ਕਰਕੇ ਹਰ ਜੀਵ-ਜੰਤੂ ਅਨੰਦ ਦੀ ਅਵਸਥਾ ਵਿਚ ਵਿਚਰਦਾ ਹੈ ਪਰੰਤੂ ਪ੍ਰਭੂ ਤੋਂ ਵਿਛੜੀ ਹੋਈ ਜੀਵਾਤਮਾ ਅੰਦਰ ਇਹ ਪ੍ਰਕਿਰਤਕ ਵਾਤਾਵਰਨ ਪ੍ਰਭੂ ਮਿਲਾਪ ਲਈ ਤੜਪ ਪੈਦਾ ਕਰਦਾ ਹੈ। ਗੁਰੂ ਸਾਹਿਬ ਨੇ ਵੈਸਾਖ ਮਹੀਨੇ ਵਿਚਲੀ ਪ੍ਰਕਿਰਤਕ ਸੁੰਦਰਤਾ ਨੂੰ ਕੇਵਲ ਇਕ ਤੁਕ ਵਿਚ ਹੀ ਇਉਂ ਪ੍ਰਸਤੁਤ ਕਰ ਦਿੱਤਾ ਹੈ:

**ਵੈਸਾਖੁ ਭਲਾ, ਸਾਖਾ ਵੇਸ ਕਰੇ॥**

ਇਹ ਗੁਰੂ ਸਾਹਿਬ ਦੀ ਮੰਝੀ ਹੋਈ ਕਾਵਿਕ-ਸੂਝ ਦਾ ਪ੍ਰਮਾਣ ਹੈ ਕਿ ਵੈਸਾਖ ਮਹੀਨੇ ਦੀ ਪ੍ਰਕਿਰਤਕ ਸੁੰਦਰਤਾ ਨੂੰ ਇਸ ਇਕੋ ਕਾਵਿਕ-ਬਿੰਬ ਵਿਚ ਪੇਸ਼ ਕਰ ਦਿੱਤਾ ਹੈ। ਵੈਸਾਖ ਦੇ ਮਹੀਨੇ ਵਿਚ ਹਰ ਰੁੱਖ, ਬੂਟੇ ਦੀਆਂ ਸ਼ਾਖਾਂ ਕੂਲੇ ਪੱਤਿਆਂ ਦਾ ਲਿਬਾਸ ਪਾਉਂਦੀਆਂ ਹਨ ਭਾਵ ਹਰ ਪਾਸੇ ਹਰਿਆਲੀ ਪੱਸਰ ਜਾਂਦੀ ਹੈ। ਇਹ ਹਰਿਆਲੀ ਬਹਾਰ ਰੁੱਤ ਦਾ ਅਹਿਸਾਸ ਕਰਵਾਉਂਦੀ ਹੈ। ਬਹਾਰ ਦੀ ਰੁੱਤ ਸਮੇਂ ਦੀ ਪ੍ਰਕਿਰਤਕ ਸੁੰਦਰਤਾ ਜੀਵਾਤਮਾ ਅੰਦਰ ਪ੍ਰਭੂ ਮਿਲਾਪ ਲਈ ਸ਼ਿੱਦਤ ਪੈਦਾ ਕਰਦੀ ਹੈ। ਚੇਤ ਤੇ ਵੈਸਾਖ ਦੇ ਖੂਬਸੂਰਤ ਪ੍ਰਕਿਰਤਕ ਵਾਤਾਵਰਨ ਤੋਂ ਬਾਅਦ ਜੇਠ ਤੇ ਹਾੜ ਮਹੀਨੇ ਦੀ ਤਪਸ਼ ਸਮੁੱਚੇ ਵਾਯੂਮੰਡ ਨੂੰ ਗਰਮੀ ਨਾਲ ਭਰ ਦਿੰਦੀ ਹੈ। ਇਹਨਾਂ ਮਹੀਨਿਆਂ ਦੌਰਾਨ ਬਦਲਦੇ ਪ੍ਰਕਿਰਤਕ ਦ੍ਰਿਸ਼ਾਂ ਨੂੰ ਗੁਰੂ ਸਾਹਿਬ ਇਉਂ ਬਿਆਨ ਕਰਦੇ ਹਨ:

**ੳ) ਮਾਹੁ ਜੇਠੁ ਭਲਾ, ਪ੍ਰੀਤਮੁ ਕਿਉ ਬਿਸਰੈ॥**
**ਥਲ ਤਾਪਹਿ ਸਰ ਭਾਰ, ਸਾਧਨ ਬਿਨਉ ਕਰੈ॥**
**ਅ) ਆਸਾੜੁ ਭਲਾ, ਸੂਰਜੁ ਗਗਨਿ ਤਪੈ॥**
**ਧਰਤੀ ਦੂਖ ਸਹੈ, ਸੋਖੈ ਅਗਨਿ ਭਖੈ॥**
**ਅਗਨਿ ਰਸੁ ਸੋਖੈ, ਮਰੀਐ ਧੋਖੈ...॥**

ਇਉਂ ਗੁਰੂ ਸਾਹਿਬ ਜੇਠ ਅਤੇ ਹਾੜ ਦੇ ਮਹੀਨਿਆਂ ਵਿਚ ਤਪਦੇ ਸੂਰਜ, ਤਪਦੀ ਧਰਤੀ, ਘੁੰਮਦੇ ਰੱਥ, ਬਦਲਦੇ ਪਰਛਾਵੇਂ, ਬੋਲਦੇ ਬਿੰਡੇ ਆਦਿ ਚਿਹਨਾਂ ਰਾਹੀਂ ਪ੍ਰਕਿਰਤਕ ਵਾਤਾਵਰਣ ਨੂੰ ਚਿਹਨਤ ਕਰਦੇ ਹਨ। ਸਾਉਣ ਤੇ ਭਾਦੋਂ ਦੇ ਮਹੀਨਿਆਂ ਦੀ ਕੁਦਰਤੀ ਸੁੰਦਰਤਾ ਨੂੰ ਗੁਰੂ ਸਾਹਿਬ ਨੇ ਬੱਦਲ ਵਰ੍ਹਨ ਤੇ ਜਲਥਲ ਹੋਣ ਦੇ ਬਿੰਬਾਂ ਰਾਹੀਂ ਸਾਕਾਰ ਕੀਤਾ ਹੈ:

**ੳ) ਸਾਵਣਿ, ਸਰਸ ਮਨਾ, ਘਣ ਵਰਸਹਿ, ਰੁਤਿ ਆਏ॥**
**ਅ) ਭਾਦਉ ਭਰਮਿ ਭੁਲੀ, ਭਰਿ ਜੋਬਨਿ ਪਛੁਤਾਣੀ॥**
**ਜਲਥਲ ਨੀਰਿ ਭਰੇ, ਬਰਸ ਰੁੱਤੇ ਰੰਗੁ ਮਾਣੀ॥**
**ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ, ਦਾਦਰ ਮੋਰ ਲਵੰਤੇ॥**
**ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ, ਭੁਇਅੰਗਮ ਫਿਰਹਿ ਡਸੰਤੇ॥**
**ਮਛਰ ਡੰਗ, ਸਾਇਰ ਭਰ ਸੁਭਰ, ਬਿਨ ਹਰਿ ਕਿਉ ਸੁਖ ਪਾਈਐ॥**

ਇਸ ਤਰ੍ਹਾਂ ਸਾਉਣ ਤੇ ਭਾਦੋਂ ਦੇ ਮਹੀਨੇ ਦੀ ਪ੍ਰਕਿਰਤਕ ਸੁੰਦਰਤਾ ਦਾ ਚਿਤਰਣ ਕਰਦੇ

ਹੋਏ ਗੁਰੂ ਸਾਹਿਬ ਸਪੱਸ਼ਟ ਕਰਦੇ ਹਨ ਕਿ ਸਾਉਣ ਦੇ ਮਹੀਨੇ ਵਿਚ ਬੱਦਲ ਖ਼ੂਬ ਵਰ੍ਹਦੇ ਹਨ ਅਤੇ ਭਾਦੋਂ ਦੇ ਮਹੀਨੇ ਵਿਚ ਮੀਂਹ ਪੈਣ ਨਾਲ ਹਰ ਥਾਂ ਪਾਣੀ ਭਰ ਜਾਣ ਸਦਕਾ ਜਲ ਥਲ ਹੋ ਜਾਂਦੀ ਹੈ। ਆਲੇ-ਦੁਆਲੇ ਡੱਡੂ ਤੇ ਮੋਰ ਬੋਲਦੇ ਹਨ। ਪਪੀਹਾ ਵੈਰਾਗਮਈ ਗੀਤ ਗਾਉਂਦਾ ਹੈ ਤੇ ਸੱਪ ਡਸਦੇ ਹਨ। ਪਾਣੀ ਨਾਲ ਭਰੇ ਛੱਪੜਾਂ ਕਾਰਨ ਮੱਛਰ ਵੱਢਦੇ ਹਨ। ਅਜਿਹੀ ਅਲੌਕਾਰ ਸਥਿਤੀ ਵਿਚ ਸਾਧਕ ਮਹਿਸੂਸ ਕਰਦਾ ਹੈ ਕਿ ਪ੍ਰਭੂ ਪ੍ਰੀਤਮ ਤੋਂ ਬਿਨਾਂ ਸੁਖ ਦੀ ਪ੍ਰਾਪਤੀ ਅਸੰਭਵ ਹੈ। ਇਉਂ ਇਹਨਾਂ ਦੋਹਾਂ ਮਹੀਨਿਆਂ ਦੌਰਾਨ ਪ੍ਰਾਕਿਰਤਕ ਵਾਤਾਵਰਣ ਵਿਚ ਪੈਦਾ ਹੁੰਦੀ ਹਰ ਤਬਦੀਲੀ ਨੂੰ ਸੂਤਰਕ ਸ਼ੈਲੀ ਰਾਹੀਂ ਬਿਆਨ ਕੀਤਾ ਗਿਆ ਹੈ। ਇਸੇ ਤਰ੍ਹਾਂ ਅੱਸੂ ਮਹੀਨੇ ਦੀ ਪ੍ਰਕਿਰਤਕ ਸੁੰਦਰਤਾ ਨੂੰ ਨਾ-ਗਰਮੀ ਨਾ-ਸਰਦੀ ਦੀ ਰੁੱਤ ਵਜੋਂ ਤਸਲੀਮ ਕਰਕੇ ਸਾਧਕ ਦੀ ਦੁਚਿੱਤੀ ਦੀ ਸਥਿਤੀ ਵਜੋਂ ਪ੍ਰਸਤੁਤ ਕੀਤਾ ਗਿਆ ਹੈ। 'ਬਾਰਹਮਾਹ ਤੁਖਾਰੀ' ਵਿਚ ਸਰਦੀ ਦੇ - ਕੱਤਕ, ਮੱਘਰ, ਪੋਹ, ਮਾਘ ਤੇ ਫੱਗਣ ਆਦਿ ਮਹੀਨਿਆਂ ਦੇ ਪ੍ਰਕਿਰਤਕ ਵਾਯੂਮੰਡਲ ਨੂੰ ਉਸ ਸ਼ਿੱਦਤ ਨਾਲ ਨਹੀਂ ਚਿਤਰਿਆ ਗਿਆ ਜਿਸ ਤਰ੍ਹਾਂ ਪਹਿਲੇ ਮਹੀਨਿਆਂ ਵਿਚਲੇ ਪ੍ਰਕਿਰਤਕ ਵਾਯੂਮੰਡਲ ਨੂੰ ਚਿਤਰਿਆ ਗਿਆ ਹੈ। ਇਸ ਦੇ ਬਾਵਜੂਦ ਕੁਝ ਸਤਰ੍ਹਾਂ ਜਾਂ ਸ਼ਬਦ ਜ਼ਰੂਰ ਅਜਿਹੇ ਵਰਤੇ ਹਨ ਜਿਹੜੇ ਪ੍ਰਕਿਰਤਕ ਚੌਗਿਰਦੇ ਨੂੰ ਸੰਕੇਤਕ ਤੌਰ 'ਤੇ ਸਮਝਣ ਲਈ ਸਹਾਈ ਹੁੰਦੇ ਹਨ। ਮਸਲਨ ਪੋਹ ਮਹੀਨੇ ਵਿਚ ਪੈਂਦੀ ਕੜਾਕੇ ਦੀ ਠੰਡ ਨੂੰ ਗੁਰੂ ਸਾਹਿਬ ਨੇ ਇਕ ਤੁਕ ਵਿਚ ਹੀ ਇਉਂ ਪ੍ਰਤਿ ਬਿੰਬਤ ਕੀਤਾ ਹੈ:

**ਪੋਖਿ ਤੁਖਾਰ ਪੜੈ, ਵਣ ਤ੍ਰਿਣੁ ਰਸੁ ਸੋਖੈ॥**

ਸਪੱਸ਼ਟ ਹੈ, ਪੋਹ ਦੇ ਮਹੀਨੇ ਵਿਚ ਲੋਹੜੇ ਦੀ ਪੈਂਦੀ ਠੰਡ ਤੇ ਵਰ੍ਹਦਾ ਕੱਕਰ ਰੁੱਖਾਂ ਪੌਦਿਆਂ ਦਾ ਰਸ ਸੁਕਾ ਦਿੰਦਾ ਹੈ ਜਿਸ ਨਾਲ ਹਰੇ ਭਰੇ ਰੁੱਖ ਤੇ ਘਾਹ ਸੁੱਕ ਜਾਂਦੇ ਹਨ। ਅਜਿਹੇ ਵਰ੍ਹਦੇ ਕੱਕਰ ਵਿਚ ਪ੍ਰਮਾਤਮਾ ਤੋਂ ਵਿਛੜੇ ਸਾਧਕ ਲਈ ਜਿਉਣਾ ਮੁਹਾਲ ਹੋ ਜਾਂਦਾ ਹੈ। ਅਜਿਹੀ ਹੱਡ ਭੰਨਵੀਂ ਠੰਢ ਵਿਚ ਪ੍ਰਭੂ ਦੇ ਮਿਲਾਪ ਦੀ ਕਾਮਨਾ ਵਿਚ ਹੀ ਸਾਧਕ ਨਿੱਘ ਮਹਿਸੂਸ ਕਰ ਸਕਦਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਵਰ੍ਹੇ ਦੇ ਬਾਰ੍ਹਾਂ ਮਹੀਨਿਆਂ ਵਿਚੋਂ ਬਹੁਤਿਆਂ ਮਹੀਨਿਆਂ ਦੌਰਾਨ ਬਦਲਦੇ ਪ੍ਰਕਿਰਤਕ ਦ੍ਰਿਸ਼ਾਂ ਨੂੰ ਕਾਵਿ-ਬਿੰਬਾਂ ਵਿਚ ਢਾਲ ਕੇ ਅਜਿਹੀ ਕਲਾਤਮਿਕਤਾ ਨਾਲ ਪੇਸ਼ ਕਰਦੇ ਹਨ ਕਿ ਇਹ ਦ੍ਰਿਸ਼ ਪਾਠਕ ਦੇ ਮਨ-ਮਸਤਕ ਵਿਚ ਸਾਕਾਰ ਹੋ ਜਾਂਦੇ ਹਨ।

ਨਿਰਸੰਦੇਹ ਗੁਰੂ ਸਾਹਿਬ ਨੇ ਪ੍ਰਕਿਰਤੀ ਚਿਤਰਣ ਕਰਦਿਆਂ 'ਬਾਰਹਮਾਹ ਤੁਖਾਰੀ' ਵਿਚ ਮੰਝੀ ਹੋਈ ਕਲਾਤਮਿਕਤਾ ਦਾ ਮੁਜ਼ਾਹਰਾ ਕੀਤਾ ਹੈ। ਇਹ ਪ੍ਰਕਿਰਤੀ ਚਿਤਰਣ ਸਿਰਫ਼ ਕਾਵਿ-ਸੁੰਦਰਤਾ ਪੈਦਾ ਕਰਨ ਲਈ ਨਹੀਂ ਕੀਤਾ ਗਿਆ ਸਗੋਂ ਇਹ ਅਧਿਆਤਮਕ ਅਨੁਭਵਾਂ ਨੂੰ ਵਧੇਰੇ ਪ੍ਰਭਾਵੀ ਅਤੇ ਲੋਕ-ਚੇਤਨਾ ਦੇ ਹਾਣ ਦਾ ਬਣਾਉਣ ਲਈ ਕੀਤਾ ਗਿਆ ਹੈ। ਪ੍ਰਕਿਰਤਕ ਵਾਯੂਮੰਡਲ ਵਿਚ ਪਲ-ਪਲ ਵਾਪਰਦੇ ਪਰਿਵਰਤਨ ਸਾਧਕ ਦੇ ਮਨ ਵਿਚ ਪ੍ਰਭੂ ਪ੍ਰਤਿ ਤੜਪ ਪੈਦਾ ਕਰਦੇ ਹਨ ਕਿਉਂਕਿ ਪ੍ਰਭੂ ਮਿਲਾਪ ਤੋਂ ਬਿਨ੍ਹਾਂ ਇਹ ਪ੍ਰਕਿਰਤਕ ਸੁੰਦਰਤਾ ਸਾਧਕ ਨੂੰ ਨਿਰਾਰਥਕ ਜਾਪਦੀ ਹੈ। ਇਸ ਤਰ੍ਹਾਂ ਗੁਰੂ ਸਾਹਿਬ 'ਬਾਰਹਮਾਹ ਤੁਖਾਰੀ' ਵਿਚ ਵਰ੍ਹੇ ਦੇ ਬਾਰ੍ਹਾਂ ਮਹੀਨਿਆਂ ਦੌਰਾਨ ਪਲ-ਪਲ ਬਦਲਦੇ ਪ੍ਰਕਿਰਤਕ ਦ੍ਰਿਸ਼ਾਂ ਰਾਹੀਂ ਸਾਧਕ ਦੇ ਮਨ

ਵਿਚਲੀ ਵਿਡੰਬਣਾਕਾਰੀ ਸਥਿਤੀ ਨੂੰ ਚਿਹਨਤ ਕਰਦੇ ਹਨ। ਇਸ ਪ੍ਰਸੰਗ ਵਿਚ ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਦੀ ਇਹ ਧਾਰਨਾ ਦਰੁਸਤ ਨਜ਼ਰ ਆਉਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਬਾਰਹਮਾਹਾ ਵਿਚ ਕੁਦਰਤ ਦਾ ਚਿੱਤ੍ਰਣ ਆਪਣੀ ਅਧਿਆਤਮਿਕ ਬ੍ਰਿਹੋਂ ਭਾਵਨਾ ਨੂੰ ਰੂਪਮਾਨ ਕਰਨ ਲਈ ਕੀਤਾ ਹੈ।7 ਇਸ ਤਰ੍ਹਾਂ ਗੁਰੂ ਸਾਹਿਬ 'ਬਾਰਹਮਾਹ ਤੁਖਾਰੀ' ਵਿਚ ਨਾ-ਕੇਵਲ ਆਪਣੇ ਅਧਿਆਤਮਕ ਅਨੁਭਵਾਂ ਨੂੰ ਪ੍ਰਕਿਰਤਕ ਦ੍ਰਿਸ਼ਾਂ ਦੇ ਮਾਧਿਅਮ ਰਾਹੀਂ ਰਹੱਸਵਾਦੀ ਸ਼ੈਲੀ ਦੇ ਅੰਤਰਗਤ ਪ੍ਰਸਤੁਤ ਕਰਦੇ ਹਨ ਸਗੋਂ ਬਦਲਦੇ ਪ੍ਰਕਿਰਤਕ ਵਾਤਾਵਰਣ ਅਤੇ ਮਨੁੱਖੀ ਮਨ ਦੀਆਂ ਕਰਵਟਾਂ ਵਿਚ ਅੰਤਰ-ਸੰਵਾਦ ਵੀ ਸਿਰਜਦੇ ਹਨ।

ਨਿਰਸੰਦੇਹ 'ਬਾਰਹਮਾਹ ਤੁਖਾਰੀ' ਗੁਰੂ ਨਾਨਕ ਦੇਵ ਜੀ ਦੀ ਸਰਲ ਭਾਸ਼ਾ ਅਤੇ ਲੋਕ-ਕਾਵਿ ਰੂੜ੍ਹੀਆਂ 'ਤੇ ਉਸਰੀ ਬਹੁ-ਪਾਸਾਰੀ ਰਚਨਾ ਹੈ। ਇਸ ਵਿਚ ਗੁਰੂ ਸਾਹਿਬ ਨੇ ਆਪਣੇ ਅਧਿਆਤਮਕ ਅਨੁਭਵਾਂ ਨੂੰ ਪ੍ਰਕਿਰਤਕ ਵਾਤਾਵਰਣ ਦੀ ਪੁੱਠ ਚਾੜ੍ਹ ਕੇ ਲੋਕ-ਅਨੁਭਵ ਦੇ ਨੇੜੇ ਲੈ ਆਂਦਾ ਹੈ। ਇਹੋ ਕਾਰਨ ਹੈ ਕਿ ਗੁਰੂ ਨਾਨਕ ਦੇ ਰਹੱਸਵਾਦੀ ਵਿਚਾਰ ਲੋਕ-ਕਾਵਿ ਰੂਪ ਬਾਰਾਂਮਾਹ ਦੇ ਮਾਧਿਅਮ ਰਾਹੀਂ ਸਾਧਾਰਨ ਮਨੁੱਖ ਦੀ ਚੇਤਨਾ ਤੱਕ ਰਸਾਈ ਕਰਦੇ ਹਨ। ਰਹੱਸਵਾਦੀ ਵਿਚਾਰਾਂ ਨੂੰ ਚਿਹਨਾਂ, ਪ੍ਰਤੀਕਾਂ, ਬਿੰਬਾਂ ਰਾਹੀਂ ਸਾਧਾਰਨ ਮਨੁੱਖ ਦੇ ਅਵਚੇਤਨ ਤੱਕ ਰਚਾ ਦੇਣ ਵਿਚ 'ਬਾਰਹਮਾਹ ਤੁਖਾਰੀ' ਦੀ ਸਾਰਥਿਕਤਾ ਨੂੰ ਪਛਾਣਿਆ ਜਾ ਸਕਦਾ ਹੈ।

**ਟਿੱਪਣੀਆਂ ਅਤੇ ਹਵਾਲੇ**


1. ਪ੍ਰੋ. ਪਿਆਰਾ ਸਿੰਘ ਪਦਮ, ਗੁਰੂ ਨਾਨਕ ਸਾਗਰ, ਕਲਮ ਮੰਦਿਰ ਲੋਅਰ ਮਾਲ, ਪਟਿਆਲਾ, 1993, ਪੰਨਾ 134
2. ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ, 'ਬਾਰਹਮਾਹ ਤੁਖਾਰੀ-ਇਕ ਵਿਸ਼ਲੇਸ਼ਣ', ਖੋਜ-ਪਤ੍ਰਿਕਾ (ਗੁਰੂ ਨਾਨਕ ਵਿਸ਼ੇਸ਼ ਅੰਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969, ਪੰਨਾ 182
3. ਡਾ. ਤਾਰਨ ਸਿੰਘ, ਬਾਰਹਮਾਹ ਦਰਪਣ, ਭਾਈ ਫਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1962, ਪੰਨਾ 183
4. ਹਰਿਭਜਨ ਸਿੰਘ, ਪਾਰਗਾਮੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2002, ਪੰਨਾ 61
5. ਪ੍ਰੋ. ਬ੍ਰਹਮ ਜਗਦੀਸ਼ ਸਿੰਘ, ਗੁਰੂ ਨਾਨਕ ਬਾਣੀ: ਸਾਹਿਤ ਪਰਿਪੇਖ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 1998, ਪੰਨਾ 103
6. ਪ੍ਰੋ. ਪਿਆਰਾ ਸਿੰਘ ਪਦਮ, ਉਹੀ, ਪੰਨਾ 139
7. ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ, ਉਹੀ, ਪੰਨਾ 189



**ਸਹਾਇਕ ਪ੍ਰੋਫ਼ੈਸਰ**

**ਯੂਨੀਵਰਸਿਟੀ ਕਾਲਜ, ਚੁੰਨੀਕਲਾਂ**

**ਮੋਬਾ.: 94638-35412**